News Release

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga x.com/citymississauga

# ਦੀਵਾਲੀ ਦਾ ਜਸ਼ਨ: ਪਹਿਲਾਂ ਤੋਂ ਯੋਜਨਾ ਬਣਾਓ - Mississauga ਵਿੱਚ ਪਟਾਕੇ ਚਲਾਉਣ ਦੇ ਨਿਯਮ ਜਾਣੋ

ਜਿਵੇਂ-ਜਿਵੇਂ ਦੀਵਾਲੀ ਨੇੜੇ ਆ ਰਹੀ ਹੈ, ਸ਼ਹਿਰ ਵਸਨੀਕਾਂ ਨੂੰ ਯਾਦ ਦਿਵਾ ਰਿਹਾ ਹੈ ਕਿ ਜੇ ਪਟਾਕੇ ਉਨ੍ਹਾਂ ਦੇ ਜਸ਼ਨ ਦਾ ਹਿੱਸਾ ਹੋਣਗੇ, ਤਾਂ ਉਹ ਪਹਿਲਾਂ ਤੋਂ ਯੋਜਨਾ ਬਣਾਉਣ। ਸੁਰੱਖਿਅਤ ਤਰੀਕੇ ਨਾਲ ਪਟਾਕੇ ਚਲਾਓ ਅਤੇ ਸੱਟਾਂ, ਅੱਗ ਅਤੇ ਪ੍ਰਾਪਰਟੀ ਨੂੰ ਨੁਕਸਾਨ ਤੋਂ ਬਚਾਉਣ ਲਈ ਨਿਯਮਾਂ ਦੀ ਪਾਲਣਾ ਕਰੋ।

28 ਅਕਤੂਬਰ, 2026

ਦੀਵਾਲੀ, ਜਿਸਨੂੰ ਰੋਸ਼ਨੀਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ, Mississauga ਵਿੱਚ ਬਹੁਤ ਸਾਰੇ ਲੋਕਾਂ ਦੁਆਰਾ ਮਨਾਇਆ ਜਾਂਦਾ ਹੈ। ਇਹ ਤਿਉਹਾਰ ਹਨੇਰੇ 'ਤੇ ਰੋਸ਼ਨੀ ਦੀ ਜਿੱਤ ਦਾ ਪ੍ਰਤੀਕ ਹੈ ਅਤੇ ਅਕਸਰ ਇਕੱਠਾਂ, ਸਜਾਵਟਾਂ, ਦੀਵਿਆਂ, ਮੋਮਬੱਤੀਆਂ ਅਤੇ ਪਟਾਕਿਆਂ ਨਾਲ ਮਨਾਇਆ ਜਾਂਦਾ ਹੈ।

ਜੇ ਪਟਾਕੇ ਤੁਹਾਡੇ ਜਸ਼ਨ ਦੀਆਂ ਯੋਜਨਾਵਾਂ ਦਾ ਹਿੱਸਾ ਹਨ, ਤਾਂ ਯਕੀਨੀ ਬਣਾਓ ਕਿ ਤੁਹਾਨੂੰ ਨਿਯਮ ਪਤਾ ਹਨ ਅਤੇ ਸਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਕਦਮ ਚੁੱਕੋ। ਇਹ ਯਕੀਨੀ ਬਣਾਓ ਕਿ ਜਸ਼ਨ ਗੁਆਂਢੀਆਂ ਅਤੇ ਵਿਆਪਕ ਭਾਈਚਾਰੇ ਲਈ ਆਨੰਦਦਾਇਕ ਹੋਵੇ।

## ਤੁਸੀਂ ਪਟਾਕੇ ਕਦੋਂ ਚਲਾ ਸਕਦੇ ਹੋ

ਸ਼ਹਿਰ ਦੇ ਫਾਇਰਵਰਕਸ ਬਾਇ-ਲਾਅ (Fireworks By-law) ਦੇ ਤਹਿਤ, ਤੁਸੀਂ 8 ਨਵੰਬਰ ਨੂੰ ਦੀਵਾਲੀ ਲਈ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਆਪਣੀ ਨਿੱਜੀ ਪ੍ਰਾਪਰਟੀ 'ਤੇ ਪਰਿਵਾਰਕ ਵਰਤੋਂ ਵਾਲੇ ਪਟਾਕੇ ਚਲਾ ਸਕਦੇ ਹੋ।

ਤੁਸੀਂ ਹੇਠਾਂ ਦਿੱਤੀਆਂ ਥਾਵਾਂ ‘ਤੇ ਪਟਾਕੇ ਨਹੀਂ ਚਲਾ ਸਕਦੇ:

- ਸੜਕਾਂ 'ਤੇ
- ਸਾਈਡਵਾਕਸ 'ਤੇ
- ਪਾਰਕਿੰਗ ਲੌਟਸ ਵਿੱਚ
- ਹੋਰ ਪਬਲਿਕ ਪ੍ਰਾਪਰਟੀ 'ਤੇ

ਜੇ ਤੁਸੀਂ ਹੇਠਾਂ ਦਿੱਤੀਆਂ ਚੀਜ਼ਾਂ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਸ਼ਹਿਰ ਤੋਂ ਪਰਮਿਟ (permit) ਲੈਣਾ ਪਵੇਗਾ:

- ਕਿਸੇ ਹੋਰ ਦਿਨ ਪਟਾਕੇ ਚਲਾਉਣਾ
- ਸ਼ਹਿਰ ਦੇ ਕਿਸੇ ਪਾਰਕ ਜਾਂ ਪਬਲਿਕ ਥਾਂ 'ਤੇ ਪਟਾਕਿਆਂ ਦੇ ਡਿਸਪਲੇ ਦਾ ਆਯੋਜਨ ਕਰਨਾ

ਦੀਵਾਲੀ ਦੇ ਦੌਰਾਨ, ਜਸ਼ਨਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ, ਸ਼ਹਿਰ ਵਿੱਚ ਮਿਉਨਿਸਿਪਲ ਬਾਇ-ਲਾਅ ਐਨਫੋਰਸਮੈਂਟ (Municipal By-law Enforcement) ਦੇ ਵਾਧੂ ਅਫਸਰ ਨੂੰ ਡਿਊਟੀ 'ਤੇ ਰਹਿਣਗੇ।

ਪਟਾਕਿਆਂ ਦੀਆਂ ਸ਼ਿਕਾਇਤਾਂ ਲਈ 911 'ਤੇ ਕਾਲ ਨਾ ਕਰੋ, ਜਦੋਂ ਤੱਕ ਕੋਈ ਤੁਰੰਤ ਖਤਰਾ ਨਾ ਹੋਵੇ, ਜਿਵੇਂ ਕਿ ਅੱਗ ਲੱਗ ਜਾਣਾ ਜਾਂ ਕਿਸੇ ਦਾ ਜ਼ਖਮੀ ਹੋਣਾ। ਗੈਰ-ਕਾਨੂੰਨੀ ਪਟਾਕਿਆਂ ਦੀ ਰਿਪੋਰਟ ਕਰਨ ਲਈ, 311 'ਤੇ ਕਾਲ ਕਰੋ, ਇਸਨੂੰ ਔਨਲਾਈਨ (online) ਜਮ੍ਹਾਂ ਕਰੋ, ਜਾਂ mississauga.Ca/Fireworks 'ਤੇ ਜਾਓ।

# ਪਟਾਕਿਆਂ ਤੋਂ ਸੁਰੱਖਿਆ ਲਈ ਸੁਝਾਅ

ਜੇ ਪਟਾਕਿਆਂ ਦਾ ਸਹੀ ਢੰਗ ਨਾਲ ਇਸਤੇਮਾਲ ਨਾ ਕੀਤਾ ਜਾਵੇ ਤਾਂ ਇਸ ਨਾਲ ਗੰਭੀਰ ਸੱਟਾਂ ਅਤੇ ਅੱਗ ਲੱਗ ਸਕਦੀ ਹੈ।

ਪਟਾਕੇ ਚਲਾਉਣ ਤੋਂ ਪਹਿਲਾਂ:

- ਇਨ੍ਹਾਂ ਨੂੰ ਲਾਇਸੰਸਸ਼ੁਦਾ ਵਿਕਰੇਤਾਵਾਂ ਤੋਂ ਖਰੀਦੋ। ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਲਾਜ਼ਮੀ ਹੈ।
- ਰੋਮਨ ਕੈਂਡਲ ਨਾ ਖਰੀਦੋ ਅਤੇ ਇਨ੍ਹਾਂ ਦੀ ਵਰਤੋਂ ਨਾ ਕਰੋ। Mississauga ਵਿੱਚ ਇਨ੍ਹਾਂ ਦੀ ਮਨਾਹੀ ਹੈ।
- ਸਾਰੀਆਂ ਹਦਾਇਤਾਂ ਨੂੰ ਪੜ੍ਹੋ ਅਤੇ ਉਨ੍ਹਾਂ ਦੀ ਪਾਲਣਾ ਕਰੋ।
- ਇਨ੍ਹਾਂ ਨੂੰ ਆਪਣੀ ਪ੍ਰਾਪਰਟੀ 'ਤੇ ਕਿਸੇ ਸਾਫ਼, ਖੁੱਲ੍ਹੇ ਖੇਤਰ ਵਿੱਚ ਵਰਤੋ।
- ਨੇੜੇ ਇੱਕ ਬਾਲਟੀ ਪਾਣੀ ਜਾਂ ਹੋਜ਼ ਰੱਖੋ।
- ਪਟਾਕਿਆਂ ਨੂੰ ਲੋਕਾਂ, ਘਰਾਂ, ਦਰਖਤਾਂ ਅਤੇ ਵਾਹਨਾਂ ਵੱਲ ਕਰਕੇ ਨਾ ਚਲਾਓ।
- ਬੱਚਿਆਂ ਦੀ ਹਰ ਸਮੇਂ ਨਿਗਰਾਨੀ ਕਰੋ।
- ਯਕੀਨੀ ਬਣਾਓ ਕਿ ਇਨ੍ਹਾਂ ਨੂੰ ਦੇਖਣ ਵਾਲੇ ਸੁਰੱਖਿਅਤ ਦੂਰੀ 'ਤੇ ਖੜ੍ਹੇ ਹੋਣ।

ਜਦੋਂ ਤੁਸੀਂ ਪਟਾਕੇ ਚਲਾ ਲਵੋ, ਤਾਂ ਵਰਤੇ ਹੋਏ ਪਟਾਕਿਆਂ ਨੂੰ ਕੂੜੇ ਵਿੱਚ ਸੁੱਟਣ ਤੋਂ ਪਹਿਲਾਂ ਰਾਤ ਭਰ ਪਾਣੀ ਵਿੱਚ ਭਿਓਂ ਕੇ ਰੱਖੋ।

ਆਪਣੇ ਜਸ਼ਨ ਤੋਂ ਬਾਅਦ, ਪਟਾਕਿਆਂ ਦੇ ਸਾਰੇ ਮਲਬੇ ਨੂੰ ਸਾਫ਼ ਜ਼ਰੂਰ ਕਰੋ।

# ਘਰ ਵਿੱਚ ਅੱਗ ਤੋਂ ਸੁਰੱਖਿਆ

ਦੀਵਾਲੀ ਦੇ ਕਈ ਜਸ਼ਨਾਂ ਵਿੱਚ ਮੋਮਬੱਤੀਆਂ ਅਤੇ ਦੀਵੇ ਬਾਲਣ ਦੇ ਨਾਲ-ਨਾਲ ਖਾਣਾ ਬਣਾਉਣਾ ਵੀ ਸ਼ਾਮਲ ਹੁੰਦਾ ਹੈ। ਸੁਰੱਖਿਆ ਦੇ ਕੁਝ ਸਧਾਰਨ ਉਪਾਅ, ਅੱਗ ਲੱਗਣ ਅਤੇ ਸੱਟਾਂ ਤੋਂ ਬਚਣ ਵਿੱਚ ਮਦਦ ਕਰ ਸਕਦੇ ਹਨ।

City of Mississauga
300 City Centre Drive
Mississauga, ON L5B 3C1



### ਮੋਮਬੱਤੀਆਂ ਅਤੇ ਦੀਵੇ

- ਮੋਮਬੱਤੀਆਂ ਅਤੇ ਦੀਵਿਆਂ ਨੂੰ ਅਜਿਹੀ ਸਥਿਰ ਸਤ੍ਹਾ 'ਤੇ ਰੱਖੋ, ਜੋ ਸੜਨਯੋਗ ਨਾ ਹੋਵੇ।
- ਇਨ੍ਹਾਂ ਨੂੰ ਪਰਦਿਆਂ, ਸਜਾਵਟ, ਫਰਨੀਚਰ ਅਤੇ ਕੱਪੜਿਆਂ ਤੋਂ ਦੂਰ ਰੱਖੋ।
- ਕਦੇ ਵੀ ਬਿਨਾਂ ਨਿਗਰਾਨੀ ਦੇ ਨਾ ਛੱਡੋ।
- ਇਨ੍ਹਾਂ ਨੂੰ ਬੱਚਿਆਂ ਅਤੇ ਪਾਲਤੂ ਜਾਨਵਰਾਂ ਤੋਂ ਦੂਰ ਰੱਖੋ।
- ਇਸਦੀ ਬਜਾਏ ਬੈਟਰੀ ਨਾਲ ਚੱਲਣ ਵਾਲੀਆਂ ਮੋਮਬੱਤੀਆਂ ਦੀ ਵਰਤੋਂ ਕਰਨ ਬਾਰੇ ਸੋਚੋ।

### ਰਸੋਈ ਦੀ ਸੁਰੱਖਿਆ

ਖਾਣਾ ਬਣਾਉਣਾ ਅੱਗ ਲੱਗਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਬਣਿਆ ਹੋਇਆ ਹੈ। ਜਦੋਂ ਖਾਣਾ ਬਣਾ ਰਹੇ ਹੋਵੋ:

- ਰਸੋਈ ਵਿੱਚ ਹੀ ਰਹੋ।
- ਜੇ ਤੁਸੀਂ ਕਮਰੇ ਤੋਂ ਬਾਹਰ ਜਾ ਰਹੇ ਹੋ ਤਾਂ ਉਪਕਰਣਾਂ ਨੂੰ ਬੰਦ ਕਰ ਦਿਓ।
- ਤੌਲੀਏ ਅਤੇ ਅੱਗ ਫੜ ਸਕਣ ਵਾਲੀ ਕਿਸੇ ਵੀ ਹੋਰ ਚੀਜ਼ ਨੂੰ ਸਟੋਵ ਤੋਂ ਦੂਰ ਰੱਖੋ।
- ਘਰ ਦੇ ਅੰਦਰ ਕਦੇ ਵੀ ਬਾਰਬੇਕਿਊ ਜਾਂ ਪੋਰਟੇਬਲ ਗੈਸ ਸਟੋਵ ਦੀ ਵਰਤੋਂ ਨਾ ਕਰੋ।
- ਗਰਮ ਤੇਲ ਨਾਲ ਖਾਣਾ ਪਕਾਉਂਦੇ ਸਮੇਂ ਸਾਵਧਾਨ ਰਹੋ।

## ਗੁਆਂਢੀਆਂ ਦਾ ਵੀ ਖਿਆਲ ਰੱਖੋ

ਦੀਵਾਲੀ ਜਸ਼ਨ ਮਨਾਉਣ ਦਾ ਸਮਾਂ ਹੈ, ਪਰ ਨੇੜੇ ਰਹਿਣ ਵਾਲਿਆਂ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਜਸ਼ਨ ਸ਼ੁਰੂ ਹੋਣ ਤੋਂ ਪਹਿਲਾਂ, ਆਪਣੇ ਮਹਿਮਾਨਾਂ, ਪਾਰਕਿੰਗ ਅਤੇ ਸ਼ੋਰ ਦੇ ਪ੍ਰਬੰਧ ਦੀ ਪਹਿਲਾਂ ਤੋਂ ਯੋਜਨਾ ਬਣਾਓ।

### ਸ਼ੋਰ ਘੱਟ ਰੱਖੋ

ਜੇ ਤੁਸੀਂ ਕਿਸੇ ਇਕੱਠ ਦੀ ਮੇਜ਼ਬਾਨੀ ਕਰ ਰਹੇ ਹੋ, ਤਾਂ ਸ਼ੋਰ ਨੂੰ ਇੱਕ ਵਾਜਬ ਪੱਧਰ 'ਤੇ ਰੱਖਣ ਦੀ ਕੋਸ਼ਿਸ਼ ਕਰੋ, ਖਾਸ ਕਰਕੇ ਦੇਰ ਰਾਤ ਨੂੰ।

ਸ਼ਹਿਰ ਦੇ ਸ਼ੋਰ ਨਿਯੰਤਰਣ ਬਾਇ-ਲਾਅ (Noise Control By-law) ਬਾਰੇ ਹੋਰ ਜਾਣੋ।

### ਪਰੇਸ਼ਾਨੀ ਵਾਲੇ ਇਕੱਠਾਂ ਤੋਂ ਬਚੋ

ਗੈਰ-ਕਾਨੂੰਨੀ ਪਟਾਕੇ ਚਲਾਉਣ, ਬਹੁਤ ਜ਼ਿਆਦਾ ਸ਼ੋਰ ਕਰਨ ਜਾਂ ਗੁਆਂਢੀਆਂ ਨੂੰ ਪਰੇਸ਼ਾਨ ਕਰਨ ਵਾਲਾ ਵਿਵਹਾਰ ਕਰਨ ਵਰਗੀਆਂ ਗਤੀਵਿਧੀਆਂ ਨੂੰ ਇੱਕ ਪਰੇਸ਼ਾਨੀ ਵਾਲੇ ਇਕੱਠ ਵਜੋਂ ਦੇਖਿਆ ਜਾ ਸਕਦਾ ਹੈ ਅਤੇ ਇਸਦੇ ਨਤੀਜੇ ਵਜੋਂ ਜੁਰਮਾਨਾ ਜਾਂ ਹੋਰ ਕਨੂੰਨੀ ਕਾਰਵਾਈ ਹੋ ਸਕਦੀ ਹੈ।

ਜੇ ਕੋਈ ਇਕੱਠ ਤੁਹਾਡੇ ਗੁਆਂਢ ਵਿੱਚ ਸਮੱਸਿਆਵਾਂ ਪੈਦਾ ਕਰ ਰਿਹਾ ਹੈ, ਤਾਂ 311 'ਤੇ ਕਾਲ ਕਰੋ।

ਸ਼ਹਿਰ ਦੇ ਪਰੇਸ਼ਾਨੀ ਪੈਦਾ ਕਰਨ ਵਾਲੇ ਇਕੱਠਾਂ ਸਬੰਧੀ ਬਾਇ-ਲਾਅ (Nuisance Gathering By-law) ਬਾਰੇ ਹੋਰ ਜਾਣੋ।

## ਪਾਰਕਿੰਗ ਦੇ ਨਿਯਮਾਂ ਦੀ ਪਾਲਣਾ ਕਰੋ

ਮਹਿਮਾਨਾਂ ਨੂੰ ਪਾਰਕਿੰਗ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

- ਸਵੇਰੇ 8 ਵਜੇ ਤੋਂ ਰਾਤ 11:59 ਵਜੇ ਤੱਕ ਸੜਕ 'ਤੇ ਪਾਰਕਿੰਗ ਦੀ ਆਗਿਆ ਹੈ।
- ਫਾਇਰ ਹਾਈਡ੍ਰੈਂਟਾਂ, ਫੁੱਟਪਾਥਾਂ ਜਾਂ ਡ੍ਰਾਈਵਵੇਅ ਦੇ ਰਸਤੇ ਵਿੱਚ ਰੁਕਾਵਟ ਨਾ ਪਾਓ।
- ਨੋ-ਪਾਰਕਿੰਗ ਜ਼ੋਨਾਂ ਵਿੱਚ ਪਾਰਕ ਨਾ ਕਰੋ।

ਲੰਬੇ ਸਮੇਂ ਤੱਕ ਰੁਕਣ ਲਈ, ਅਸਥਾਈ ਪਾਰਕਿੰਗ ਪਰਮਿਟ (temporary parking permit) ਦੀ ਲੋੜ ਪੈ ਸਕਦੀ ਹੈ।

8 ਨਵੰਬਰ ਤੋਂ ਪਹਿਲਾਂ, ਤਿੰਨ ਕਦਮ ਚੁੱਕੋ: ਨਿਯਮਾਂ ਦੀ ਜਾਂਚ ਕਰੋ, ਆਪਣੀ ਪ੍ਰਾਪਰਟੀ 'ਤੇ ਇੱਕ ਸੁਰੱਖਿਅਤ ਥਾਂ ਚੁਣੋ ਅਤੇ ਪਾਣੀ ਤਿਆਰ ਰੱਖੋ। ਪਹਿਲਾਂ ਤੋਂ ਯੋਜਨਾ ਬਣਾ ਕੇ, ਤੁਸੀਂ ਸਾਰਿਆਂ ਲਈ ਜਸ਼ਨਾਂ ਨੂੰ ਸੁਰੱਖਿਅਤ ਅਤੇ ਮਨੋਰੰਜਕ ਬਣਾਉਣ ਵਿੱਚ ਮਦਦ ਕਰ ਸਕਦੇ ਹੋ।

# ਹੋਰ ਜਾਣੋ

ਪਟਾਕਿਆਂ ਦੇ ਨਿਯਮਾਂ, ਪਰਮਿਟਾਂ ਅਤੇ ਗੈਰ-ਕਾਨੂੰਨੀ ਪਟਾਕਿਆਂ ਦੀ ਰਿਪੋਰਟ ਕਰਨ ਬਾਰੇ ਜਾਣਨ ਲਈ, mississauga.Ca/Fireworks 'ਤੇ ਜਾਓ।

ਅੱਗ ਤੋਂ ਸੁਰੱਖਿਆ ਸੰਬੰਧੀ ਸੁਝਾਵਾਂ ਲਈ, mississauga.Ca/Fire 'ਤੇ ਜਾਓ।

ਨਿਯਮਾਂ ਦੀ ਪਾਲਣਾ ਕਰਕੇ ਅਤੇ ਸੁਰੱਖਿਆ ਨੂੰ ਪਹਿਲ ਦਿੰਦਿਆਂ, ਹਰ ਕੋਈ ਇੱਕ ਸੁਰੱਖਿਅਤ ਅਤੇ ਯਾਦਗਾਰੀ ਦੀਵਾਲੀ ਦਾ ਆਨੰਦ ਲੈ ਸਕਦਾ ਹੈ।

-30-

**ਮੀਡੀਆ ਸੰਪਰਕ**

Mississauga ਸ਼ਹਿਰ ਮੀਡੀਆ ਰਿਲੇਸ਼ਨਸ

Media@Mississauga.Ca

905-615-3200, ਐਕਸਟੈਨਸ਼ਨ 5232

TTY: 905-896-5151